# Visit of Foreign Secretary of the UK to India (October 22-24, 2021)

October 22, 2021

…………………………………………………………………………..

## ਇੰਗਲੈਂਡ ਦੀ ਵਿਦੇਸ਼ ਮੰਤਰੀ ਵੱਲੋਂ ਭਾਰਤ ਦੀ ਫੇਰੀ (22-24 ਅਕਤੂਬਰ, 2021)

### 22 ਅਕਤੂਬਰ, 2021

1. ਇੰਗਲੈਂਡ ਦੀ ਮੈਂਬਰ ਪਾਰਲੀਮੈਂਟ, ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਮਾਮਲਿਆਂ ਦੀ ਰਾਜ ਮੰਤਰੀ ਅਤੇ ਔਰਤਾਂ ਦੇ ਮਾਮਲਿਆਂ ਦੀ ਅਤੇ ਸਮਾਨਤਾ ਮੰਤਰੀ Rt ਮਾਨਯੋਗ ਐਲਿਜ਼ਾਬੈਥ ਟਰੱਸ 22-24 ਅਕਤੂਬਰ 2021 ਨੂੰ ਭਾਰਤ ਦੀ ਸਰਕਾਰੀ ਯਾਤਰਾ 'ਤੇ ਹਨ।

2. ਵਿਦੇਸ਼ ਮੰਤਰੀ ਡਾਕਟਰ ਸੁਬ੍ਰਾਹਮਣੀਅਮ ਜੈਸ਼ੰਕਰ ਨੇ 22 ਅਕਤੂਬਰ, 2021 ਨੂੰ ਇੰਗਲੈਂਡ ਦੀ ਵਿਦੇਸ਼ ਮੰਤਰੀ ਨਾਲ ਦੁਵੱਲੀ ਗੱਲਬਾਤ ਕੀਤੀ। ਦੋਵਾਂ ਮੰਤਰੀਆਂ ਨੇ 4 ਮਈ, 2021 ਨੂੰ ਹੋਏ ਭਾਰਤ-ਇੰਗਲੈਂਡ ਵਰਚੁਅਲ ਸੰਮੇਲਨ ਦੌਰਾਨ ਸ਼ੁਰੂ ਕੀਤੇ ਰੋਡਮੈਪ 2030 ਦੀ ਵਿਸਥਾਰਤ ਸਮੀਖਿਆ ਕੀਤੀ। ਮਹਾਂਮਾਰੀ ਤੋਂ ਪੈਦਾ ਹੋਈਆਂ ਰੁਕਾਵਟਾਂ ਦੇ ਬਾਵਜੂਦ ਰੋਡਮੈਪ ਨੂੰ ਲਾਗੂ ਕਰਨ ਵਿੱਚ ਹੁਣ ਤੱਕ ਹੋਈ ਤਰੱਕੀ ਦੀ ਸ਼ਲਾਘਾ ਕੀਤੀ। ਵਪਾਰ ਅਤੇ ਨਿਵੇਸ਼, ਲੋਕ ਪੱਧਰੀ ਸਬੰਧਾਂ, ਸਿਹਤ ਸੰਭਾਲ ਭਾਈਵਾਲੀ, ਜਲਵਾਯੂ ਤਬਦੀਲੀ, ਵਿਗਿਆਨ ਅਤੇ ਨਵੀਨਤਾ ਅਤੇ ਰੱਖਿਆ ਅਤੇ ਸੁਰੱਖਿਆ ਦੇ ਪ੍ਰਮੁੱਖ ਤਰਜੀਹੀ ਖੇਤਰਾਂ ਵਿੱਚ ਸਹਿਯੋਗ ਵਧਾਉਣ ਬਾਰੇ ਵਿਸਥਾਰ ਨਾਲ ਚਰਚਾ ਹੋਈ।

. ਦੋਵਾਂ ਮੰਤਰੀਆਂ ਨੇ ਵਰਚੁਅਲ ਸੰਮੇਲਨ ਵਿੱਚ ਐਲਾਨੀ ਗਈ ਵਧੀ ਹੋਈ ਵਪਾਰਕ ਭਾਈਵਾਲੀ ਨੂੰ ਲਾਗੂ ਕਰਨ ਵਿੱਚ ਹੋਈ ਤਰੱਕੀ ਦਾ ਸੁਆਗਤ ਕੀਤਾ ਅਤੇ ਇੱਕ ਅੰਤਰਿਮ ਸਮਝੌਤੇ 'ਤੇ ਗੱਲਬਾਤ ਕਰਨ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ ਛੇਤੀ ਤੋਂ ਛੇਤੀ FTA ਬਾਰੇ ਗੱਲਬਾਤ ਸ਼ੁਰੂ ਕਰਨ ਦੀ ਲੋੜ ਨੂੰ ਉਜਾਗਰ ਕੀਤਾ, ਤਾਂ ਜੋ ਭਾਰਤ ਅਤੇ ਇੰਗਲੈਂਡ ਵਿੱਚ ਕਾਰੋਬਾਰਾਂ ਨੂੰ ਤੇਜ਼ੀ ਨਾਲ ਲਾਭ ਮਿਲ ਸਕੇ। ਦੋਵਾਂ ਮੰਤਰੀਆਂ ਨੇ ਮਾਈਗ੍ਰੇਸ਼ਨ ਅਤੇ ਮੋਬਿਲਿਟੀ ਪਾਰਟਨਰਸ਼ਿਪ ਅਤੇ ਗਲੋਬਲ ਇਨੋਵੇਸ਼ਨ ਪਾਰਟਨਰਸ਼ਿਪ 'ਤੇ ਵੀ ਚਰਚਾ ਕੀਤੀ ਅਤੇ ਇਨ੍ਹਾਂ ਨੂੰ ਛੇਤੀ ਲਾਗੂ ਕਰਨ ਪ੍ਰਤੀ ਵਚਨਬੱਧਤਾ ਪ੍ਰਗਟਾਈ। ਉਨ੍ਹਾਂ ਨੇ ਕੌਂਸਲਰ ਮੁੱਦਿਆਂ ਅਤੇ ਸਮੁੰਦਰੀ ਸੁਰੱਖਿਆ ਬਾਰੇ ਵਿਚਾਰ ਵਟਾਂਦਰੇ ਲਈ ਨਵੇਂ ਸੰਵਾਦ ਤੰਤਰਾਂ ਦੀ ਸਥਾਪਨਾ ਨੂੰ ਵੀ ਮਨਜ਼ੂਰ ਕੀਤਾ। ਦੋਵੇਂ ਧਿਰਾਂ ਭਾਰਤ-ਇੰਗਲੈਂਡ ਰਣਨੀਤਕ ਫਿਊਚਰਜ਼ ਫੋਰਮ ਟ੍ਰੈਕ ਦੀ ਸਥਾਪਨਾ ਕਰਨ 'ਤੇ ਵੀ ਸਹਿਮਤ ਹੋਈਆਂ, ਜੋ ਦੋਵਾਂ ਦੇਸ਼ਾਂ ਵਿਚਕਾਰ ਲੰਬੇ ਸਮੇਂ ਦੇ ਰਣਨੀਤਕ ਸਬੰਧਾਂ 'ਤੇ ਮਾਹਰਾਨਾ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕਰਨ ਲਈ ਬਣਾਇਆ ਗਿਆ ਨਵਾਂ 1.5 ਡਾਇਲਾਗ ਤੰਤਰ ਹੈ।

4. ਡਾ. ਐਸ. ਜੈਸ਼ੰਕਰ ਅਤੇ ਸ਼੍ਰੀਮਤੀ ਟਰੱਸ ਨੇ ਬਹੁ ਧਰੁਵੀ ਸੰਸਾਰ ਅਤੇ ਬਹੁਪੱਖੀਵਾਦ ਪ੍ਰਤੀ ਆਪਣੀ ਵਚਨਬੱਧਤਾ ਨੂੰ ਸਾਂਝਾ ਕਰਦੇ ਹੋਏ ਆਪਸੀ ਹਿੱਤ ਦੇ ਕਈ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵੀ ਚਰਚਾ

ਕੀਤੀ। ਉਨ੍ਹਾਂ ਨੇ ਪੱਛਮੀ ਏਸ਼ੀਆ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ, ਅੱਤਵਾਦ ਅਤੇ ਕੱਟੜਪੰਥੀ ਅੱਤਵਾਦ ਦਾ ਮੁਕਾਬਲਾ ਕਰਨ ਅਤੇ ਸਾਈਬਰ ਅਤੇ ਪੁਲਾੜ ਖੇਤਰਾਂ ਵਿੱਚ ਉੱਭਰ ਰਹੀਆਂ ਚੁਣੌਤੀਆਂ ਨਾਲ ਨਜਿੱਠਣ ਵਿੱਚ ਭਾਈਵਾਲੀ ਕਰਨ 'ਤੇ ਸਹਿਮਤੀ ਦਿੱਤੀ। ਅਫਗਾਨਿਸਤਾਨ ਨੂੰ ਮਨੁੱਖੀ ਸਹਾਇਤਾ ਲਈ ਸੰਪੂਰਨ, ਸੁਰੱਖਿਅਤ ਅਤੇ ਨਿਰਵਿਘਨ ਪਹੁੰਚ ਦੀ ਲੋੜ 'ਤੇ ਚਰਚਾ ਤੋਂ ਛੁੱਟ ਅਫਗਾਨਿਸਤਾਨ ਦੀ ਕਿਸੇ ਦੇਸ਼ ਨੂੰ ਧਮਕੀ ਦੇਣ ਜਾਂ ਹਮਲਾ ਕਰਨ, ਅੱਤਵਾਦੀਆਂ ਨੂੰ ਪਨਾਹ ਦੇਣ ਜਾਂ ਸਿਖਲਾਈ ਦੇਣ, ਜਾਂ ਅੱਤਵਾਦੀ ਹਮਲਿਆਂ ਦੀ ਵਿਉਂਤਬੰਦੀ ਜਾਂ ਵਿੱਤਪੋਸ਼ਣ ਕਰਨ ਲਈ ਨਾ ਵਰਤੇ ਕਰਨ ਦੀ ਲੋੜ 'ਤੇ ਵੀ ਚਰਚਾ ਕੀਤੀ ਗਈ।

5. ਨਵੀਂ ਦਿੱਲੀ ਵਿੱਚ ਆਪਣੇ ਠਹਿਰਾਅ ਦੌਰਾਨ ਸ਼੍ਰੀਮਤੀ ਟਰਸ ਨੇ ਵਿੱਤ ਮੰਤਰੀ ਸ਼੍ਰੀਮਤੀ ਨਿਰਮਲਾ ਸੀਤਾਰਮਨ ਅਤੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰੀ ਸ਼੍ਰੀ ਭੁਪੇਂਦਰ ਯਾਦਵ ਨਾਲ ਵੀ ਮੁਲਾਕਾਤ ਕੀਤੀ। 23 ਅਕਤੂਬਰ ਨੂੰ ਉਹ ਮੁੰਬਈ ਦਾ ਦੌਰਾ ਕਰਨਗੇ, ਜਿੱਥੇ ਉਹ ਕੈਰੀਅਰ ਸਟਰਾਈਕ ਗਰੁੱਪ 21 (CSG21) ਦੀ ਭਾਰਤ ਫੇਰੀ ਦੇ ਸਬੰਧ ਹੋ ਰਹੇ ਵਪਾਰ ਅਤੇ ਰੱਖਿਆ ਕਾਰਜਾਂ ਵਿੱਚ ਹਿੱਸਾ ਲੈਣਗੇ। ਉਹ 26 ਨਵੰਬਰ, 2008 ਨੂੰ ਮੁੰਬਈ ਵਿੱਚ ਹੋਏ ਅੱਤਵਾਦੀ ਹਮਲੇ ਦੇ ਪੀੜਤਾਂ ਨੂੰ ਸਨਮਾਨ ਦੇਣ ਲਈ ਬਣੇ ਸਮਾਰਕ 'ਤੇ ਸ਼ਰਧਾਂਜਲੀ ਵੀ ਭੇਟ ਕਰਨਗੇ।

ਨਵੀਂ ਦਿੱਲੀ
22 ਅਕਤੂਬਰ, 2021

DISCLAIMER: This is an approximate translation. The original is available in English on MEA's website and may be referred to as the official press release.